# INT-300 P ਦੋਭਾਸ਼ੀਏ ਲਈ ਬੇਨਤੀ (ਸਿਵਲ)

ਫਾਰਮ ਦਰਜ ਕਰਵਾਏ ਜਾਏ `ਤੇ ਕਲਰਕ ਇੱਥੇ ਤਾਰੀਕ ਦੀ ਮੋਹਰ ਲਾਉਂਦਾ ਹੈ।

**ਸਿਰਫ਼ ਜਾਣਕਾਰੀ ਲਈ,**
**ਅਦਾਲਤ ਵਿੱਚ ਫ਼ਾਇਲ (ਦਾਇਰ) ਨਾ ਕਰੋ**

ਅਦਾਲਤ ਦਾ ਨਾਂ ਅਤੇ ਸਟਰੀਟ ਐਡਰੈਸ ਭਰੋ:

**ਸੁਪੀਰੀਅਰ ਕੋਰਟ ਔਫ ਕੈਲੀਫੋਰਨੀਆ, ਕਾਊਂਟੀ ਔਫ**

ਫਾਰਮ ਦਰਜ ਕਰਵਾਏ ਜਾਣ `ਤੇ ਅਦਾਲਤ ਕੇਸ ਨੰਬਰ ਭਰਦੀ ਹੈ।

**ਕੇਸ ਨੰਬਰ:**
**ਅਦਾਲਤ ਵਿੱਚ ਫ਼ਾਇਲ ਨਾ ਕਰੋ**

ਇਹ ਫਾਰਮ ਭਰੋ ਜੇ ਤੁਹਾਨੂੰ ਜਾਂ ਤੁਹਾਡੇ ਕੇਸ ਵਿਚ ਗਵਾਹੀ ਦੇਣ ਵਾਲੇ ਨੂੰ ਅਦਾਲਤ ਵਿਚ ਹੋਣ ਸਮੇਂ ਦੋਭਾਸ਼ੀਏ ਦੀ ਲੋੜ ਹੈ।

ਜ਼ਿਆਦਾ ਜਾਣਕਾਰੀ ਲਈ ਇਸ ਫਾਰਮ ਦੇ ਸਫਾ 2 `ਤੇ ਹਿਦਾਇਤਾਂ ਦੇਖੋ।

1. **ਤੁਹਾਡੀ ਜਾਣਕਾਰੀ** (ਦੋਭਾਸ਼ੀਏ ਦੀ ਮੰਗ ਕਰਨ ਵਾਲੇ ਵਿਅਕਤੀ ਦੀ)। ਜੇ ਤੁਹਾਡੇ ਕੋਲ ਵਕੀਲ ਹੈ ਤਾਂ ਆਪਣੇ ਵਕੀਲ ਦੀ ਜਾਣਕਾਰੀ ਦਿਉ।

ਨਾਂ: ______________________

ਸਟੇਟ ਦਾ ਬਾਰ ਨੰਬਰ: ______________________

ਫਰਮ ਦਾ ਨਾਂ: ______________________

ਐਡਰੈਸ: ______________________

ਸਿਟੀ: ____________ ਸਟੇਟ: ________ ਜ਼ਪ: ________

ਟੈਲੀਫੋਨ: ______________________

ਈ-ਮੇਲ ਐਡਰੈਸ: ______________________

2. **ਮੈਂ ਇਸ ਕੇਸ ਵਿਚ ਇਕ ਧਿਰ ਹਾਂ** (ਹੇਠਾਂ ਇਕ `ਤੇ ਨਿਸ਼ਾਨੀ ਲਾਉ):

☐ ਦਾਅਵੇਦਾਰ/ਪਟੀਸ਼ਨਰ ☐ ਕਥਿਤ ਦੋਸ਼ੀ/ਉੱਤਰਦਾਇਕ ☐ ਹੋਰ (ਦੱਸੋ): ______________________

3. ☐ **ਅਦਾਲਤ ਵਿਚ ਹੋਣ ਵੇਲੇ ਮੈਨੂੰ ਅੱਗੇ ਲਿਖੀ ਜ਼ਬਾਨ ਵਿਚ ਦੋਭਾਸ਼ੀਏ ਦੀ ਲੋੜ ਹੈ:**

| | | | |
|---|---|---|---|
| ☐ español (ਸਪੈਨਿਸ਼) | ☐ Tiếng Việt (ਵੀਅਤਨਾਮੀ) | ☐ 한국어 (ਕੋਰੀਅਨ) | ☐ 普通话 (ਮੈਂਡਾਰਿਨ) |
| ☐ 广东话 (ਕੈਂਟੋਨੀਜ਼) | ☐ فارسی (ਫਾਰਸੀ) | ☐ русский (ਰਸ਼ੀਅਨ) | ☐ Tagalog (ਟੈਗਾਲਗ) |
| ☐ العربية (ਅਰਬੀ) | ☐ ਪੰਜਾਬੀ | ☐ ਹੋਰ: ______________ | |

ਜੇ ਤੁਸੀਂ ਕੋਈ ਆਦਿਵਾਸੀ ਜ਼ਬਾਨ ਬੋਲਦੇ ਹੋ ਤਾਂ ਮੁਢਲੇ ਟਾਊਨ ਦਾ ਨਾਂ ਸ਼ਾਮਲ ਕਰੋ: ______________________

4. ☐ **ਮੇਰਾ ਗਵਾਹ ਹੈ ਜਿਸ ਨੂੰ ਇਸ ਤਰ੍ਹਾਂ ਦੋਭਾਸ਼ੀਏ ਦੀ ਲੋੜ ਹੈ:**
(ਹਰ ਗਵਾਹ ਲਈ ਵੱਖਰਾ ਫਾਰਮ ਭਰੋ।)

a. ਤਾਰੀਕ: ______________ ਸਮਾਂ: ____________

ਡਿਪਾਰਟਮੈਂਟ ਅਤੇ ਜੁਡੀਸ਼ਲ ਅਫਸਰ, ਜੇ ਪਤਾ ਹੋਵੇ: ______________________

☐ ਅਜੇ ਕੋਈ ਤਾਰੀਕ ਨਹੀਂ ਤੈਹ ਹੋਈ।.

b. ਗਵਾਹ ਨੂੰ ਇਸ ਵਿਚ ਦੋਭਾਸ਼ੀਏ ਦੀ ਲੋੜ ਹੈ (ਇਕ `ਤੇ ਨਿਸ਼ਾਨੀ ਲਾਉ):

☐ ਉਪਰ ਨਿਸ਼ਾਨ ਲਾਈ ਜ਼ਬਾਨ ਵਿਚ **ਜਾਂ**

☐ ਹੋਰ (ਗਵਾਹ ਵਲੋਂ ਬੋਲੀ ਜਾਂਦੀ ਜ਼ਬਾਨ ਦਾ ਨਾਂ ਲਿਖੋ): ______________________

ਤਾਰੀਕ: ______________________

▶ **ਸਿਰਫ਼ ਜਾਣਕਾਰੀ ਲਈ**

ਧਿਰ ਜਾਂ ਵਕੀਲ ਦੇ ਦਸਖਤ

Form Approved for MODEL Use effective 7/1/2016
Form Approved for OPTIONAL Use effective 1/1/2018
Judicial Council of California, *www.courts.ca.gov*

ਤੁਹਾਡਾ ਨਾਂ:

| ਕੇਸ ਨੰਬਰ:<br>ਅਦਾਲਤ ਵਿੱਚ ਫ਼ਾਇਲ ਨਾ ਕਰੋ |
| --- |

## ਹਿਦਾਇਤਾਂ

- ਅਦਾਲਤ ਦੀਆਂ ਕਾਰਵਾਈਆਂ ਅੰਗਰੇਜ਼ੀ ਵਿਚ ਹੁੰਦੀਆਂ ਹਨ। ਜੇ ਕੋਈ ਧਿਰ ਜਾਂ ਗਵਾਹ ਚੰਗੀ ਤਰ੍ਹਾਂ ਅੰਗਰੇਜ਼ੀ ਨਾ ਬੋਲਦਾ ਹੋਵੇ ਜਾਂ ਨਾ ਸਮਝਦਾ ਹੋਵੇ ਤਾਂ ਉਸ ਨੂੰ ਦੋਭਾਸ਼ੀਏ (ਇੰਟਰਪਰੇਟਰ) ਦੀ ਲੋੜ ਹੋ ਸਕਦੀ ਹੈ। ਦੋਭਾਸ਼ੀਆ ਗਵਾਹੀ ਦੇਣ ਵਿਚ, ਜੱਜ ਨਾਲ ਗੱਲ ਕਰਨ, ਅਤੇ ਇਹ ਸਮਝਣ ਵਿਚ ਉਸ ਦੀ ਮਦਦ ਕਰੇਗਾ ਕਿ ਹੋਰ ਲੋਕ ਅਦਾਲਤ ਵਿਚ ਕੀ ਕਹਿ ਰਹੇ ਹਨ। ਅਦਾਲਤ ਵਿਚ ਕੰਮ ਕਰਨ ਵਾਲੇ ਸਰਟੀਫਾਈਡ ਅਤੇ ਰਜਿਸਟਰਡ ਦੋਭਾਸ਼ੀਏ (ਇੰਟਰਪਰੇਟਰ) ਕੋਲ ਅਦਾਲਤ ਵਿਚ ਤਰਜਮਾ ਕਰਨ ਦੀ ਸਿਖਲਾਈ ਹੁੰਦੀ ਹੈ। ਜੇ ਤੁਹਾਨੂੰ ਬੋਲੀ ਵਿਚ ਮਦਦ ਦੀ ਲੋੜ ਹੋਵੇ ਤਾਂ ਤੁਸੀਂ ਇਸ ਫਾਰਮ ਦਾ ਪਹਿਲਾ ਸਫ਼ਾ ਭਰ ਕੇ ਅਦਾਲਤ ਨੂੰ ਇਹ ਕਹਿ ਸਕਦੇ ਹੋ ਕਿ ਤੁਹਾਨੂੰ ਦੋਭਾਸ਼ੀਆ ਦਿੱਤਾ ਜਾਵੇ।.

- ਜੇ ਤੁਹਾਨੂੰ ਜਾਂ ਤੁਹਾਡੇ ਕੇਸ ਵਿਚ ਕਿਸੇ ਗਵਾਹ ਨੂੰ ਦੋਭਾਸ਼ੀਏ ਦੀ ਲੋੜ ਹੋਵੇ ਤਾਂ ਤੁਹਾਨੂੰ ਇਹ ਫਾਰਮ ਭਰਨਾ ਚਾਹੀਦਾ ਹੈ। ਗਵਾਹ ਉਹ ਵਿਅਕਤੀ ਹੈ ਜਿਹੜਾ ਅਦਾਲਤ ਵਿਚ ਸਹੁੰ ਚੁੱਕ ਕੇ ਜਾਣਕਾਰੀ ਦਿੰਦਾ ਹੈ। ਜਿਸ ਵੀ ਗਵਾਹ ਨੂੰ ਬੋਲੀ ਵਿਚ ਮਦਦ ਦੀ ਲੋੜ ਹੋਵੇ ਤੁਹਾਨੂੰ ਉਸ ਹਰ ਇਕ ਲਈ ਵੱਖਰਾ ਫਾਰਮ ਭਰਨਾ ਚਾਹੀਦਾ ਹੈ। ਪਹਿਲਾ ਸਫ਼ਾ ਭਰੋ ਅਤੇ ਅਦਾਲਤ ਕੋਲ ਦਰਜ ਕਰਵਾਉ। ਆਪਣੀ ਲੋਕਲ ਅਦਾਲਤ ਤੋਂ ਇਹ ਪਤਾ ਕਰੋ ਕਿ ਦੋਭਾਸ਼ੀਏ ਦੀ ਮੰਗ ਕਰਨ ਲਈ ਤੁਹਾਨੂੰ ਕਿੰਨਾ ਸਮਾਂ ਪਹਿਲਾਂ ਬੇਨਤੀ ਦਰਜ ਕਰਵਾਉਣ ਦੀ ਲੋੜ ਹੈ। ਤੁਸੀਂ ਇਹ ਵੀ ਪਤਾ ਲਾ ਸਕਦੇ ਹੋ ਕਿ ਅਦਾਲਤ ਤੁਹਾਡੀ ਬੇਨਤੀ ਦਾ ਜਵਾਬ ਕਦੋਂ ਦੇਵੇਗੀ।

- ਅਦਾਲਤਾਂ ਹਰ ਜ਼ਬਾਨ ਅਤੇ ਹਰ ਸਿਵਲ ਕੇਸ ਵਿਚ ਦੋਭਾਸ਼ੀਆ ਦੇਣ ਦੀ ਕੋਸ਼ਿਸ਼ ਕਰਦੀਆਂ ਹਨ। ਅਦਾਲਤ ਤੁਹਾਨੂੰ ਜਵਾਬ ਵਿਚ ਇਹ ਦੱਸੇਗੀ ਕਿ ਕੀ ਤੁਹਾਡੀ ਬੇਨਤੀ ਪ੍ਰਵਾਨ ਕਰ ਲਈ ਗਈ ਹੈ। ਕਦੇ ਕਦੇ, ਅਦਾਲਤ ਹਰ ਕੇਸ ਵਿਚ ਦੋਭਾਸ਼ੀਆ ਨਹੀਂ ਦੇ ਸਕਦੀ।

### ਲੋੜਾਂ ਪੂਰੀਆਂ ਕਰਨ ਲਈ ਬੇਨਤੀ

ਸੁਣਨ ਵਿਚ ਮਦਦ ਕਰਨ ਵਾਲੇ ਸਿਸਟਮ, ਕੰਪਿਊਟਰ ਦੀ ਮਦਦ ਨਾਲ ਨਾਲੋ ਨਾਲ ਦਿਖਾਈ ਦੇਣ ਵਾਲੀਆਂ ਸੁਰਖੀਆਂ, ਜਾਂ ਸਾਈਨ ਲੈਂਗੁਏਜ ਵਿਚ ਦੋਭਾਸ਼ੀਏ ਦੀਆਂ ਸੇਵਾਵਾਂ ਉਪਲਬਧ ਹਨ ਜੇ ਤੁਸੀਂ ਸੁਣਵਾਈ ਤੋਂ ਘੱਟੋ ਘੱਟ ਪੰਜ ਦਿਨ ਪਹਿਲਾਂ ਇਸ ਦੀ ਮੰਗ ਕਰਦੇ ਹੋ। *Request for Accommodations by Persons With Disabilities and Response* ਰਿਕੁਐਸਟ ਫਾਰ ਅਕੱਮੋਡੇਸ਼ਨਜ਼ ਬਾਏ ਪਰਸਨਜ਼ ਵਿਦ ਡਿਸਏਬਿਲਟੀਜ਼ ਐਂਡ ਰਿਸਪੌਂਸ (ਫਾਰਮ MC-410) ਨਾਂ ਦਾ ਫਾਰਮ ਲੈਣ ਲਈ ਕਲਰਕ ਦੇ ਦਫਤਰ ਨਾਲ ਸੰਪਰਕ ਕਰੋ ਜਾਂ *www.courts.ca.gov/forms* `ਤੇ ਜਾਉ। (ਸਿਵਲ ਕੋਡ 54.8.)